# ਜਮਾਤ 12ਵੀਂ - ਮੀਡੀਆ ਸਟੱਡੀਜ਼

## ਮਾਡਲ ਪ੍ਰਸ਼ਨ ਪੱਤਰ (ਸੈਸ਼ਨ: 2025-26)

## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ: 3 ਘੰਟੇ** **ਕੁੱਲ ਅੰਕ: 80**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 2-2 ਅੰਕ ਵਾਲੇ 12 ਪ੍ਰਸ਼ਨ ਬਹੁ-ਵਿਕਲਪੀ ਅਤੇ ਇੱਕ ਸ਼ਬਦ ਉੱਤਰ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 2-2 ਅੰਕ ਵਾਲੇ 12 ਪ੍ਰਸ਼ਨ ਖਾਲੀ ਥਾਵਾਂ ਭਰੋ, ਸਹੀ/ਗਲਤ ਜਾਂ ਮਿਲਾਨ ਕਰੋ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 10 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 8 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 4 ਪ੍ਰਸ਼ਨ ਹੱਲ ਕਰਨੇ ਹੋਣਗੇ।
4. ਭਾਗ-ੲ ਵਿਚ ਪ੍ਰਸ਼ਨ ਨੰਬਰ 11 ਤੋਂ 20 ਤੱਕ 4-4 ਅੰਕਾਂ ਦੇ ਵੱਡੇ ਉਤਰਾਂ ਵਾਲੇ 10 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 5 ਪ੍ਰਸ਼ਨ ਹੱਲ ਕਰਨੇ ਹੋਣਗੇ।

## ਭਾਗ-ੳ (24x2=48)

## ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ

**ਪ੍ਰਸ਼ਨ-1**

(i) ਭਾਰਤ ਦਾ ਪ੍ਰਥਮ ਅਖ਼ਬਾਰ Calcutta General Advertiser ਕਦੋਂ ਤੇ ਕਿੱਥੋਂ ਸ਼ੁਰੂ ਹੋਇਆ?

(a) ਸੰਨ 1757, ਪਲਾਸੀ (b) ਸੰਨ 1780, ਕਲਕੱਤਾ
(c) ਸੰਨ 1857, ਮੇਰਠ (d) ਸੰਨ 1911, ਦਿੱਲੀ

(ii) ਹਿੰਦੀ ਭਾਸ਼ਾ ਦਾ ਪਹਿਲਾ ਅਖ਼ਬਾਰ ਕਿੱਥੋਂ ਤੇ ਕਦੋਂ ਸ਼ੁਰੂ ਹੋਇਆ ?

(a) ਵਾਰਾਣਸੀ, ਸੰਨ 1850 (b) ਮਦਰਾਸ, ਸੰਨ 1881
(c) **ਕਲਕੱਤਾ,ਸੰਨ 1826** (d) ਰਾਮਪੁਰ, ਸੰਨ 1830

(iii) ਟ੍ਰਿਬਿਊਨ ਦੇ ਸੰਸਥਾਪਕ ਸੰਪਾਦਕ (Founder Editor) ਕੌਣ ਸਨ?

(a) **ਸ਼ੀਤਲ ਚੰਦਰ ਮੁਖਰਜੀ** (b) ਸੁਰਿੰਦਰ ਨਾਥ ਬੈਨਰਜੀ
(c) ਦਿਆਲ ਸਿੰਘ ਮਜੀਠੀਆ (d) ਡੌਨਲਡ ਬੈਨਰਜੀ

(iv) ਭਾਰਤ ਵਿੱਚ ਰੇਡੀਓ ਤੇ ਟੈਲੀਵਿਜ਼ਨ ਸੇਵਾਵਾਂ ਕਿਹੜੇ ਸਾਲ ਵਿੱਚ ਵੱਖ–ਵੱਖ ਹੋਈਆਂ?

(a) 1976 (b) 1982
(c) 1965 (d) 1959

(v) ਸ਼ਬਦ WhatsApp ਵਿੱਚ App ਤੋਂ ਕੀ ਭਾਵ ਹੈ?

(a) Appropriate (b) Application
(c) Apple (d) Apposite

(vi) ਰਾਗੀ ਅਵਤਾਰ ਸਿੰਘ ਤੇ ਰਾਗੀ ਅਮਰਿੰਦਰ ਸਿੰਘ ਨੇ ਫ਼ਿਲਮੀ ਪਰਦੇ ਉਤੇ ਪਹਿਲੀ ਵਾਰ ਕਿਹੜੀ ਫ਼ਿਲਮ ਲਈ ਕੀਰਤਨ ਦੀ ਪੇਸ਼ਕਾਰੀ ਕੀਤੀ ਸੀ?

(a) ਦੁਖ ਭੰਜਨ ਤੇਰਾ ਨਾਮ (b) ਨਾਨਕ ਨਾਮ ਜਹਾਜ਼

(c) ਮਨ ਜੀਤੈ ਜਗੁ ਜੀਤੁ (d) ਨਾਨਕ ਦੁਖੀਆ ਸਭੁ ਸੰਸਾਰ

(vii) 'ਟ੍ਰਿਬਿਊਨ' ਦੇ ਬਾਨੀ ਕੌਣ ਸਨ ਤੇ ਉਨ੍ਹਾਂ ਦਾ ਜਨਮ ਕਿੱਥੇ ਹੋਇਆ ਸੀ?

(viii) ਨਵਾਬ ਸਿਰਾਜ-ਉੱਲ-ਦੌਲਾ ਤੇ ਲਾਰਡ ਕਲਾਈਵ ਵਿਚਾਲੇ ਕਦੋਂ ਤੇ ਕਿੱਥੇ ਯੁੱਧ ਹੋਇਆ ਸੀ?

(ix) ਆਲ ਇੰਡੀਆ ਰੇਡੀਓ ਨੇ ਪ੍ਰਥਮ ਐਫ.ਐਮ. ਸੇਵਾ ਕਦੋਂ ਅਰੰਭੀ?

(x) ਗੁਰਮੁਖੀ ਅੱਖਰਾਂ ਦਾ ਟਾਈਪ ਸਭ ਤੋਂ ਪਹਿਲਾਂ ਕਿੱਥੋਂ ਦੀ ਕਿਹੜੀ ਪ੍ਰੈੱਸ ਨੇ ਬਣਵਾਇਆ ਸੀ?

(xi) ਸੈਂਟਰਲ ਡਰਾਮਾ ਯੂਨਿਟ ਕਦੋਂ ਆਲ ਇੰਡੀਆ ਰੇਡੀਓ ਵਿੱਚ ਸਥਾਪਤ ਕੀਤਾ ਗਿਆ ਤੇ ਇਹ ਕੀ ਨਿਰਮਾਣ ਕਰਦਾ ਹੈ?

(xii) ਟੀ.ਵੀ.ਸਟੂਡੀਓ ਤੋਂ ਬਾਹਰੋਂ ਟੈਲੀਕਾਸਟ ਲਈ ਵਰਤੀ ਜਾਂਦੀ ਵੈਨ ਦੀ ਸਹੂਲਤ ਦਾ ਪੂਰਾ ਨਾਮ ਕੀ ਹੁੰਦਾ ਹੈ?

**ਪ੍ਰਸ਼ਨ-**2

(i) ਪਗੜੀ ਸੰਭਾਲ ਲਹਿਰ ਦੇ ਬਾਨੀ ਸ.ਅਜੀਤ ਸਿੰਘ, ਭਗਤ ਸਿੰਘ (ਸ਼ਹੀਦ) ਦੇ.............ਲੱਗਦੇ ਸਨ।

(ii) Orkut ਮੁੱਢਲੇ ਤੌਰ 'ਤੇ............ਦੇਸ਼ ਦੀ ਮਸ਼ਹੂਰ ਹੋਈ ਸੋਸ਼ਲ ਨੈਟਵਰਕਿੰਗ ਸਰਵਿਸ ਸੀ।

(iii) Margret Rous ਮੁਤਾਬਕ ਫੇਸਬੁੱਕ ਇੱਕ......... ਵਾਂਗੂੰ ਹੈ।

(iv) Instagram ਅਸਲ ਵਿੱਚ .......ਦਾ ਹੀ ਸਰਲ ਰੂਪ ਹੈ।

(v) ਸਰਬਭਾਰਤੀ ਸੰਪਾਦਕ ਕਾਨਫ਼ਰੰਸ ਵੱਲੋਂ ਸੰਨ .........ਵਿੱਚ ਕੁਝ ਸਵੈ ਨੇਮ ਐਲਾਨੇ ਗਏ।

(vi)'ਆਕਾਸ਼ਵਾਣੀ' ਨਾਮ ਦੀ ਤਜਵੀਜ਼.........ਨੇ ਦਿੱਤੀ ਸੀ।

(vii) ਸ੍ਰੀਲੰਕਾ ਤੋਂ ਪ੍ਰਸਿੱਧ ਪ੍ਰੋਗਰਾਮ ਗੀਤਮਾਲਾ ਪੇਸ਼ ਕਰਨ ਵਾਲੇ ਰੇਡੀਓ ਦਾ ਨਾਮ ਸਿਲੋਨ ਰੇਡੀਓ ਸੀ। (ਸਹੀ/**ਗਲਤ**)

(viii) Pdf ਤੋਂ ਭਾਵ ਹੈ; Portable disk format (ਸਹੀ/**ਗਲਤ**)

(ix) ਸੰਨ 1913 ਵਿੱਚ ਗਦ਼ਰ ਪਾਰਟੀ ਵੱਲੋਂ ਕੱਢੇ ਗਏ ਅਖ਼ਬਾਰ ਦਾ ਨਾਮ ਗਦ਼ਰ ਸੀ। (ਸਹੀ/**ਗਲਤ**)

(x) ਨਾਮਧਾਰੀ ਲਹਿਰ ਦੇ ਮੋਢੀ ਕੌਣ ਬਾਬਾ ਸ਼ਾਮ ਸਿੰਘ ਸਨ। (ਸਹੀ/**ਗਲਤ**)

(xi) DTH ਸੇਵਾ ਤੋਂ ਕੀ ਭਾਵ ਹੈ, Direct to Home (ਸਹੀ/**ਗਲਤ**)

(xii) ਭਾਰਤ ਦੇ ਪਹਿਲੇ 'ਗੁਰਮੁਖੀ ਅਖ਼ਬਾਰ' ਦੇ ਸੰਪਾਦਕ ਪ੍ਰੋ. ਗੁਰਮੁੱਖ ਸਿੰਘ ਸਨ। (ਸਹੀ/**ਗਲਤ**)

## ਭਾਗ-ਅ (4x3=12)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਚਾਰ ਪ੍ਰਸ਼ਨ ਕਰੋ।)

03 ਸੰਨ 1947 ਵਿੱਚ ਵੰਡ ਮਗਰੋਂ ਕਿਹੜੇ ਰੇਡੀਓ ਸਟੇਸ਼ਨ ਬਚ ਰਹੇ ?

04 ਭਾਰਤ ਵਿੱਚ ਅਖ਼ਬਾਰਾਂ ਦੀ ਛਪਾਈ ਕਦੋਂ, ਕਿਸ ਨੇ, ਕਿੱਥੋਂ ਤੇ ਕਿਵੇਂ ਅਰੰਭੀ ਸੀ ?

05 ਭਾਰਤ ਵਿੱਚ ਰੇਲਾਂ ਦੇ ਚੱਲਣ ਨਾਲ ਅਖ਼ਬਾਰਾਂ 'ਤੇ ਕੀ ਅਸਰ ਪਿਆ ?

06 ਦੱਖਣੀ ਏਸ਼ਿਆਈ ਖਿੱਤੇ ਵਿੱਚ ਕਿਹੜੇ ਤਿੰਨ ਸਥਾਨਾਂ 'ਤੇ ਕਦੋਂ ਕਦੋਂ ਰੇਡੀਓ ਸੇਵਾ ਅਰੰਭ ਹੋਈ ?

07 ਛਪਾਈ ਤਕਨੀਕ ਦੇ ਇਤਿਹਾਸ ਬਾਰੇ ਦੋ-ਤਿੰਨ ਸੱਤਰਾਂ ਵਿੱਚ ਜਾਣੂ ਕਰਵਾਓ।

08 ਸੰਨ 1869 ਵਿੱਚ ਕਿਹੜੀ ਕੌਮਾਂਤਰੀ ਪ੍ਰਾਪਤੀ ਨੇ ਯੂਰਪ ਤੇ ਭਾਰਤ ਵਿਚਾਲੇ ਵਪਾਰਕ ਸਬੰਧਾਂ ਵਿੱਚ ਹੋਰ ਸੁਧਾਰ ਲਿਆਂਦੇ ਤੇ ਕਿਵੇਂ ?

09 ਸੁਏਜ਼ ਨਹਿਰ ਦੀ ਸਥਾਪਨਾ ਦਾ ਭਾਰਤ-ਯੂਰਪ ਸੰਚਾਰ 'ਤੇ ਕਿਵੇਂ ਅਸਰ ਪਿਆ ?

10 ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ 'ਖ਼ਾਲਸਾ ਸਮਾਚਾਰ' ਨਾਲ ਕੀ ਸਬੰਧ ਸੀ ?

## ਭਾਗ-ੲ (5x4=20)

### ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਪੰਜ ਪ੍ਰਸ਼ਨ ਕਰੋ)

11. **ਐਨ.ਬੀ.ਡੀ.ਏ.** ਵੱਲੋਂ ਦਿੱਤੇ Self Regulation ਦੇ ਸਿਧਾਂਤ ਅਨੁਸਾਰ 'ਕੌਮੀ ਸੁਰੱਖਿਆ ਨੂੰ ਖਤਰੇ' ਦੀ ਵਿਆਖਿਆ ਕਰੋ।
12. ਜਨ-ਸੰਚਾਰ ਦੇ ਖੇਤਰ ਵਿੱਚ Sequence ਤੇ Serial ਵਿੱਚ ਕੀ ਅੰਤਰ ਹੈ?
13. ਸੈੱਲ ਜਾਂ ਮੋਬਾਈਲ ਫ਼ੋਨ ਸੇਵਾ ਅਰੰਭੇ ਜਾਣ ਸਬੰਧੀ ਕੋਈ ਦੋ **ਇਤਿਹਾਸਿਕ** ਪੱਖ ਲਿਖੋ।
14. ਬਲੂਟੁੱਥ ਕੀ ਹੁੰਦਾ ਹੈ ? ਜਾਣ ਪਛਾਣ ਕਰਾਓ।
15. ਮਨਪਰਚਾਵੇ ਨਾਲ ਸਬੰਧਤ ਮਾਧਿਅਮਾਂ ਦੇ ਪ੍ਰਗਟਾਵੇ ਵਿੱਚ ਕੀ ਪ੍ਰਮੁੱਖ ਔਕੜਾਂ ਦਰਪੇਸ਼ ਹਨ ?
16. ਵਿਚਾਰਵਾਨਾਂ ਅਨੁਸਾਰਜ ਜਨਸੰਚਾਰ ਤੇ ਨਿਊ ਮੀਡੀਆ ਵਿੱਚ ਕੀ ਸਪਸ਼ਟ ਅੰਤਰ ਹੈ?
17. ਗਲੋਬਲਾਈਜੇਸ਼ਨ ਪ੍ਰਕਿਰਿਆ ਨੂੰ ਸੰਸਾਰ ਵਿੱਚ ਮਾਨਤਾ ਕਿਉਂ ਪ੍ਰਾਪਤ ਹੋਈ ਹੈ ?
18. ਪੰਜਾਬੀ ਦੀਆਂ ਕੋਈ ਚਾਰ ਕੌਮੀ ਪੁਰਸਕਾਰ ਪ੍ਰਾਪਤ ਫ਼ਿਲਮਾਂ ਦੇ ਨਾਮ ਦੱਸੋ?
19. ਲਤਾ ਮੰਗੇਸ਼ਕਰ ਤੇ ਆਸ਼ਾ ਭੋਂਸਲੇ ਨੇ ਪੰਜਾਬੀ ਫ਼ਿਲਮਾਂ ਵਿੱਚ ਕੀ ਸ਼ੁਰੂਆਤੀ ਯੋਗਦਾਨ ਦਿੱਤਾ ਸੀ?
20. ਅਖ਼ਬਾਰ 'ਬੀਰ' ਤਿੰਨ ਵਾਰ ਅਰੰਭ ਹੋਇਆ? ਇਸ ਬਾਰੇ ਚਾਨਣਾ ਪਾਓ।